THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਰਜਿਸਟਰਡ ਪੋਸਟ

ਨੰ:ਪੀ.ਐਸ.ਬੀ/ਡੀ.ਏ/09 ਮਿਤੀ: 14.01.2010

ਵੱਲ

ਸਾਰੀਆਂ ਬਹੁਤਕਨੀਕੀ ਅਤੇ ਫਾਰਮੇਸੀ ਸੰਸਥਾਵਾਂ,

ਵਿਸ਼ਾ: ਸਾਲ **2010** 11 ਦੌਰਾਨ ਚਲ ਰਹੀਆਂ ਸੰਸਥਾਵਾਂ ਵਿੱਚ ਵਾਧੂ ਕੋਰਸ ਸ਼ੁਰੂ ਕਰਨ/ ਅੰਤਰ ਗ੍ਰਹਿਣ ਵਿੱਚ ਵਾਧਾ ਘਾਟਾ ਅਤੇ ਚਲਦੇ ਕੋਰਸਾਂ ਦੀ ਅਪਰੂਵਲ ਵਿੱਚ ਅਗੋਂ ਵਾਧਾ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸੰਬਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਾਲ 2010-11 ਦੌਰਾਨ ਚਲ ਰਹੀਆਂ ਸੰਸਥਾਵਾਂ ਵਿੱਚ ਵਾਧੂ ਕੋਰਸ ਸ਼ੁਰੂ ਕਰਨ/ ਅੰਤਰ ਗ੍ਰਹਿਣ ਵਿੱਚ ਵਾਧਾ- ਘਾਟਾ ਅਤੇ ਚਲਦੇ ਕੋਰਸਾਂ ਦੀ ਅਪਰੂਵਲ ਵਿੱਚ ਅਗੋਂ ਵਾਧਾ ਕਰਨ ਲਈ ਨਿਰਧਾਰਿਤ ਪ੍ਰਫਾਰਮਾ, ਜੋ ਕਿ ਬੋਰਡ ਦੀ ਵੈਬ ਸਾਇਟ (**www.punjabteched.com and www.punjabteched.net** ) ਤੇ ਉਪਲਬਧ ਹੈ, ਬਣਦੀ ਫੀਸ ਨਾਲ ਭਰ ਕੇ ਭੇਜਿਆ ਜਾਵੇ।

ਵੱਖ ਵੱਖ ਵਰਗਾਂ ਲਈ ਬਣਦੀ ਫੀਸ ਹੇਠ ਅਨੁਸਾਰ ਹੈ:

| | | | |
|---|---|---|---|
| 1. | ਰੁ: 25,000/ | ਪ੍ਰੋਸੇਸਿੰਗ ਫੀਸ | ( ਜੇਕਰ ਸੰਸਥਾ ਨਵੀਂ ਹੈ ਜਾਂ ਸੰਸਥਾ ਨਵਾਂ ਕੋਰਸ ਸ਼ੁਰੂ ਕਰਨਾ ਚਾਹੁੰਦੀ ਹੈ ਜਾਂ ਚਲ ਰਹੇ ਕੋਰਸ ਵਿੱਚ ਸੀਟਾਂ ਦਾ ਵਾਧਾ ਕਰਨਾ ਚਾਹੁੰਦੀ ਹੈ) |
| 2. | ਰੁ: 20,000/ | ਇੰਸਪੈਕਸ਼ਨ ਫੀਸ | ( ਹਰ ਨਵੇਂ ਕੋਰਸ ਜਾਂ ਚਲ ਰਹੇ ਹਰ ਉਸ ਕੋਰਸ ਲਈ ਜਿਸ ਵਿੱਚ ਸੀਟਾਂ ਦਾ ਵਾਧਾ ਕਰਨਾ ਹੋਵੇ ) |
| 3. | ਰੁ: 15,000/ | ਮਾਨਤਾ ਜਾਰੀ ਰਖਣ ਲਈ ਫੀਸ | ( ਚਲ ਰਹੇ ਹਰ ਕੋਰਸ ਦੇ ਪਹਿਲੇ 60 ਸਿਖਿਆਰਥੀਆਂ ਦੀ ਮਾਨਤਾ ਜਾਰੀ ਰਖਣ ਲਈ) |
| 4. | ਰੁ: 10,000/- | ਮਾਨਤਾ ਜਾਰੀ ਰਖਣ ਲਈ ਫੀਸ | ( ਪਹਿਲੇ 60 ਸਿਖਿਆਰਥੀਆਂ ਤੋਂ ਇਲਾਵਾ ਹਰ ਉਸ ਬੈਚ ਲਈ ਜਿਸ ਵਿੱਚ 60 ਸਿਖਿਆਰਥੀ ਹੋਣ ) |

- ਇਵਨਿੰਗ ਸ਼ਿਫਟ ਲਈ ਫੀਸ ਉਪਰੋਕਤ ਅਨੁਸਾਰ ਹੀ ਵੱਖਰੇ ਤੌਰ ਤੇ ਲਈ ਜਾਵੇਗੀ।
- ਮਾਨਤਾ ਜਾਰੀ ਰਖਣ ਦੀ ਫੀਸ ਜੇਕਰ ਮਿਥੀ ਗਈ ਮਿਤੀ ਤੋਂ ਬਾਅਦ ਪ੍ਰਾਪਤ ਹੁੰਦੀ ਹੈ ਤਾਂ ਰੁ: 2,000/- ਪ੍ਰਤੀ ਕੋਰਸ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਜੁਰਮਾਨਾ ਦੇਣਾ ਪਵੇਗਾ

ਦੱਸਿਆ ਗਿਆ ਪ੍ਰਫਾਰਮਾ ਅਤੇ ਉਸ ਦੀ ਬਣਦੀ ਫੀਸ ਮਿਤੀ 01.03.2010 ਤੱਕ ਇਸ ਦਫਤਰ ਵਿੱਚ ਜਮ੍ਹਾਂ ਕਰਵਾ ਦਿੱਤੇ ਜਾਣ। ਜੇਕਰ ਸੰਸਥਾ ਵਲੋਂ ਸਾਲ 2010-11 ਲਈ ਵਾਧੂ ਕੋਰਸ ਸ਼ੁਰੂ ਕਰਨ/ ਅੰਤਰ ਗ੍ਰਹਿਣ ਵਿੱਚ ਵਾਧਾ ਘਾਟਾ ਕਰਨਾ ਹੈ ਤਾਂ ਉਸ ਦੀ ਪ੍ਰੋਜੈਕਟ ਰਿਪੋਰਟ ਦੀ ਕਾਪੀ ਵੀ ਜਮ੍ਹਾਂ ਕਰਵਾਈ ਜਾਵੇ।

ਡਾਇਰੈਕਟਰ ਅਕੈਡਮਿਕ